## ਸ਼੍ਰੇਣੀ -ਅੱਠਵੀਂ
## ਪੰਜਾਬੀ (ਪਹਿਲੀ ਭਾਸ਼ਾ)

1. **ਨਿਬੰਧ**

ਨਿਬੰਧ ਲਿਖਣ ਲਈ ਵਿਸ਼ੇ ਇਸ ਪ੍ਰਕਾਰ ਹੋਣਗੇ।

(ੳ) ਜੀਵਨੀਆਂ (ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸ਼ਹੀਦ ਭਗਤ ਸਿੰਘ, ਜਵਾਹਰ ਲਾਲ ਨਹਿਰੂ ਆਦਿ)।

(ਅ) ਤਿਉਹਾਰ (ਦਿਵਾਲ਼ੀ, ਦਸਹਿਰਾ, ਲੋਹੜੀ ਆਦਿ)

(ੲ) ਸੰਚਾਰ/ਮਨੋਰੰਜਨ ਦੇ ਸਾਧਨ (ਟੈਲੀਵੀਜ਼ਨ, ਅਖ਼ਬਾਰ, ਸਿਨਮਾ ਆਦਿ)

(ਸ) ਰਾਸ਼ਟਰੀ ਤਿਉਹਾਰ (ਪੰਦਰਾਂ ਅਗਸਤ, ਛੱਬੀ ਜਨਵਰੀ ਆਦਿ)

(ਕ) ਸਮੱਸਿਆਵਾਂ (ਪ੍ਰਦੂਸ਼ਣ, ਵਧਦੀ ਵੱਸੋਂ, ਦਾਜ ਆਦਿ)

(ਖ) ਦਿਸ਼੍ਰ-ਵਰਨਣ (ਰੇਲਵੇ ਸਟੇਸ਼ਨ,ਅੱਖੀਂ ਡਿੱਠਾ ਮੈਚ, ਅੱਖੀਂ ਡਿੱਠਾ ਮੇਲਾ ਆਦਿ)

**ਨੋਟ:- ਉਪਰੋਕਤ ਦਿੱਤੇ ਵਿਸ਼ਿਆਂ ਵਿਚੋਂ ਕੋਈ 15 ਨਿਬੰਧ ਕਰਵਾਏ ਜਾਣਗੇ।**

2. **ਬਿਨੈ-ਪੱਤਰ/ਚਿੱਠੀਆਂ**

ਬਿਨੈ-ਪੱਤਰ: ਸਕੂਲ ਦੇ ਮੁਖੀ ਨੂੰ ਫ਼ੀਸ ਮਾਫ਼ ਜਾਂ ਜੁਰਮਾਨਾ ਮਾਫ਼ ਕਰਵਾਉਣ ਲਈ, ਮੈਚ ਵੇਖਣ ਦੀ ਆਗਿਆ ਲੈਣ ਲਈ, ਸ਼੍ਰੇਣੀ ਦੁਆਰਾ ਸੈਰ-ਸਪਾਟੇ ਸੰਬੰਧੀ ਆਗਿਆ ਲੈਣ ਲਈ, ਸਕੂਲ ਦੀ ਲਾਇਬ੍ਰੇਰੀ ਵਿੱਚ ਬਾਲ- ਰਸਾਲੇ ਤੇ ਅਖ਼ਬਾਰ ਮੰਗਵਾਉਣ, ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ/ਚਰਿੱਤਰ ਸਰਟੀਫ਼ਿਕੇਟ ਲੈਣ ਲਈ, ਬਲਾਕ-ਵਿਕਾਸ ਅਤੇ ਪੰਚਾਇਤ-ਅਫ਼ਸਰ ਨੂੰ ਪਿੰਡ ਦੀ ਸਫ਼ਾਈ ਦਾ ਪ੍ਰਬੰਧ ਸੁਧਾਰਨ ਬਾਰੇ, ਮਿਉਂਸਪਲ ਕਮੇਟੀ ਦੇ ਪ੍ਰਧਾਨ ਨੂੰ ਆਪਣੇ ਮਹੱਲੇ ਦੀ ਸਫ਼ਾਈ ਅਤੇ ਗੰਦੇ ਪਾਣੀ ਦੇ ਨਿਕਾਸ ਪ੍ਰਬੰਧ ਨੂੰ ਸੁਧਾਰਨ ਬਾਰੇ, ਪੋਸਟ ਮਾਸਟਰ ਨੂੰ ਮੁਹੱਲੇ/ਪਿੰਡ ਵਿੱਚ ਡਾਕ-ਪ੍ਰਬੰਧ ਨੂੰ ਸੁਧਾਰਨ ਆਦਿ ਬਾਰੇ ਬਿਨੈ-ਪੱਤਰ ਲਿਖਵਾਏ ਜਾਣਗੇ।

3. ਪਾਠ-ਪੁਸਤਕ ਦੇ ਪਾਠਾਂ 'ਤੇ ਆਧਾਰਿਤ ਅਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਦੇ ਉੱਤਰ ਲਿਖਣੇ, ਤਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਜਾਣਗੇ। ਨਿਬੰਧਾਤਮਿਕ ਉੱਤਰਾਂ ਵਾਲ਼ੇ ਪ੍ਰਸ਼ਨ, ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ, ਬਹੁਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ।

4. ਵਿਆਕਰਨ: ਸ਼ਬਦ-ਭੇਦ (ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ ਵਿਸਮਿਕ ਦੀਆਂ ਪਰਿਭਾਸ਼ਾਵਾਂ ਤੇ ਉਦਾਹਰਨਾਂ)
ਵਚਨ/ਲਿੰਗ, ਸ਼ਬਦ-ਜੋੜ, ਵਿਸਰਾਮ-ਚਿੰਨ੍ਹ।

5. ਅਰਥ-ਬੋਧ:-ਸਮਾਨਅਰਥੀ ਸ਼ਬਦ,ਬਹੁ-ਅਰਥਕ ਸ਼ਬਦ, ਵਿਰੋਧੀ ਸ਼ਬਦ,ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਕਰਨਾ।

6. ਲਿੰਗ ਬਦਲੋ ਅਤੇ ਵਚਨ ਬਦਲੋ।

7. ਨਿਯਤ ਪਾਠ-ਪੁਸਤਕ ਵਿੱਚ ਆਏ ਮੁਹਾਵਰਿਆਂ, ਅਖਾਉਤਾਂ ਅਤੇ ਔਖੇ ਸ਼ਬਦਾਂ ਨੂੰ ਵਾਕਾਂ ਵਿੱਚ ਪ੍ਰਯੋਗ ਕਰਨਾ।

ਨਿਰਧਾਰਿਤ ਪਾਠ-ਪੁਸਤਕਾਂ :

1) **ਪੰਜਾਬੀ ਪੁਸਤਕ-8 (ਪਹਿਲੀ ਭਾਸ਼ਾ)**
2) **ਪੰਜਾਬੀ ਵਿਆਕਰਨ ਤੇ ਲੇਖ - ਰਚਨਾ**

**(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**